## ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
## ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਸਸਅ/002564 -002603

ਮਿਤੀ ਚੰਡੀਗੜ੍ਹ :21 ਜਨਵਰੀ,2010

**ਵਿਸ਼ਾ ਸਕੂਲ ਗ੍ਰਾਂਟ/ਮੇਨਟੇਨੈਂਸ ਗ੍ਰਾਂਟ ਨੂੰ ਠੀਕ ਢੰਗ ਨਾਲ ਖਰਚ ਕਰਨ ਬਾਰੇ**

1.0 ਉਪਰੋਕਤ ਵਿਸ਼ੇ ਤੇ ਆਪ ਜੀ ਨਾਲ ਹੋਈਆ ਮਹੀਨਾਵਾਰ ਮੀਟਿੰਗਾਂ ਦੌਰਾਨ ਕੀਤੇ ਵਿਚਾਰ ਵਟਾਂਦਰੇ ਅਤੇ ਇਸ ਦਫਤਰ ਵਲੋਂ ਆਪ ਨੂੰ ਸਮੇਂ ਸਮੇਂ ਸਿਰ ਭੇਜੇ ਗਏ ਪੱਤਰਾਂ ਵੱਲ ਧਿਆਨ.ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਸਕੂਲਾਂ ਨੂੰ ਰਿਪੇਅਰ ਅਤੇ ਮੇਨਟਨੈਂਸ ਗ੍ਰਾਂਟ ਦਿੱਤੀ ਜਾਂਦੀ ਹੈ ।ਇਹ ਆਮ ਤੌਰ ਤੇ ਸਕੂਲਾਂ ਵੱਲੋਂ ਵਰਤੀ ਨਹੀਂ ਜਾਂਦੀ ਅਤੇ ਸਕੂਲਾਂ ਕੋਲ ਰੋਜ਼ ਮਰ੍ਹਾਂ ਦੇ ਕੰਮ ਲਈ ਕੋਈ ਪੈਸੇ ਨਹੀਂ ਹੁੰਦੇ ਹਨ ਜਦੋਂ ਕਿ ਆਪ ਜੀ ਨੂੰ ਇਹ ਗ੍ਰਾਂਟ ਵਿੱਤੀ ਸਾਲ ਦੌਰਾਨ ਖਰਚ ਕਰਨ ਲਈ ਜਾਰੀ ਕੀਤੀ ਜਾਂਦੀ ਹੈ । ਆਪ ਜੀ ਨੂੰ ਇਹ ਵੀ ਪਤਾ ਹੋਵੇਗਾ ਕਿ ਜੇਕਰ ਇਹ ਗ੍ਰਾਂਟ 31 ਮਾਰਚ ਤੀਕ ਖਰਚ ਨਹੀਂ ਹੁੰਦੀ ਤਾਂ ਨਿਯਮਾਂ ਅਨੁਸਾਰ ਇਸ ਨੂੰ ਵਾਪਸ ਕਰਣਾ ਪੈਂਦਾ ਹੈ।ਸਕੂਲਾਂ ਵਿੱਚ ਆਮ ਤੌਰ ਤੇ ਕੰਪਿਊਟਰ ਪ੍ਰਿਟਰ , ਦਫਤਰ ਦੇ ਮੇਜ, ਕੁਰਸੀਆਂ ਦੀ ਮੁਰੰਮਤ ਜਾਂ ਬਿਲਡਿੰਗ ਦੇ ਰੰਗ ਰੋਗਣ ਲਈ ਪੈਸਿਆ ਦੀ ਕਮੀ ਪਾਈ ਜਾਂਦੀ ਹੈ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਜ਼ਿਲ੍ਹੇ ਵਿੱਚ ਵੱਖ ਵੱਖ ਸਕੂਲਾਂ ਵਿੱਚ ਪਈ ਅਣ-ਵਰਤੀ ਗ੍ਰਾਂਟ ਨੂੰ ਸਰਕਾਰ ਵਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਖਰਚ ਕੀਤਾ ਜਾਵੇ ਤਾਂ ਜੋ ਸਕੂਲਾਂ ਦੇ ਵਿੱਚ ਲੋੜੀਂਦੀਆ ਚੀਜਾਂ ਦੀ ਕੋਈ ਘਾਟ ਨਾ ਰਹੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਪਿਠ ਅੰਕਣ ਨੰ:ਏਐਸਪੀਡੀ (ਟੀ.ਟੀ-2)/2010/002604 ਮਿਤੀ:21.01.10

ਉਤਾਰਾ : ਡੀ.ਐਮ. (ਐਮ.ਆਈ.ਐਸ.) ਨੂੰ ਵੈੱਬ ਸਾਈਟ ਤੇ ਪਾਓਣ ਲਈ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**